# 9

## ਸਵਾਲ:

# ''ਭਲਾ ਨਵੇਂ ਨੇਮ ਦੀ ਕਲੀਸੀਆ ਵਿਚ ਯਾਜਕ ਹੁੰਦੇ ਹਨ?''

## ਜਵਾਬ:

''ਯਾਜਕਾਈ'' ਦਾ ਵਿਸ਼ਾ ਬਾਈਬਲ ਦੇ ਮੁੱਖ ਵਿਸ਼ਿਆਂ ਵਿੱਚੋਂ ਇਕ ਹੈ। ਇਹ ਵਿਸ਼ਾ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਪਾਇਆ ਜਾਂਦਾ ਹੈ। ਆਓ ਇਸ ਵਿਸ਼ੇ ਤੇ ਵਿਸਤਾਰ ਨਾਲ ਗੌਰ ਕਰਦੇ ਹਾਂ।

### ਪੁਰਾਣਾ ਨੇਮ ਬਨਾਮ ਨਵਾਂ ਨੇਮ

ਪੁਰਾਣੇ ਨੇਮ ਵਿਚ ਯਾਜਕਾਈ ਹਰ ਕਿਸੇ ਲਈ ਨਹੀਂ ਸੀ। ਸਭ ਇਸਰਾਏਲੀਆਂ ਨੂੰ ਯਾਜਕਾਂ ਦੇ ਰੂਪ ਵਿਚ ਸੇਵਾ ਕਰਨ ਦੀ ਇਜਾਜ਼ਤ ਨਹੀਂ ਸੀ। ਸਿਰਫ਼ ਹਾਰੂਨ, ਉਸ ਦੇ ਪੁੱਤਰ ਅਤੇ ਉਸ ਦੇ ਪੋਤੇ ਹੀ ''ਆਪਣੀ ਯਾਜਕਾਈ ਸਾਂਭ ਸਕਦੇ ਸਨ ਅਤੇ ਯਾਜਕ ਦੇ ਫ਼ਰਜ਼ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਵਾਲਾ ਆਮ ਆਦਮੀ'' ''ਮਾਰਿਆ'' ਜਾਣਾ ਸੀ (ਗਿਣਤੀ 3:10)।

ਪੁਰਾਣੇ ਨੇਮ ਦੀ ਇਹ ਖ਼ਾਸ ਗੱਲ ਨਵੇਂ ਨੇਮ ਵਿਚ ਨਹੀਂ ਹੋਣੀ ਸੀ। ਇਸ ਦੇ ਉਲਟ ''ਮਸੀਹੀ'' ਨਾਂਅ ਅਪਣਾਉਣ ਵਾਲੇ ਸਭ ਲੋਕਾਂ ਨੂੰ (1 ਪਤਰਸ 4:16) ਆਪਣੇ ਰਚਣਹਾਰੇ ਵੱਲੋਂ ਯਾਜਕਾਂ ਦਾ ਪਵਿੱਤਰ ਸਮਾਜ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਯਿਸੂ ਦੇ ਰਾਹੀਂ ਉਸ ਦੀ ਕਲੀਸੀਆ ਦੇ ਲੋਕ ਪੁਰਾਣੇ ਨੇਮ ਵਾਂਗ ਜਾਨਵਰਾਂ ਦੀ ਨਹੀਂ ਬਲਕਿ ''ਰੂਹਾਨੀ'' ਕੁਰਬਾਨੀ ਲਿਆਉਂਦੇ ਹਨ ਜੋ ਕਿ ਖ਼ੁਦਾ ਨੂੰ ਖੁਸ਼ ਕਰਨ ਲਈ ਕੁਰਬਾਨੀਆਂ ਹਨ (1 ਪਤਰਸ 2:5, 9)। ਯੂਹੰਨਾ ਰਸੂਲ ਨੇ ਮਸੀਹ ਦੀ ਤਾਰੀਫ਼ ਕੀਤੀ ''ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ'' ਅਤੇ ''[ਮਸੀਹੀ ਲੋਕਾਂ ਨੂੰ] ਇਕ ਬਾਦਸ਼ਾਹੀ ਬਣਾਇਆ ਭਈ ਅਸੀਂ ਉਹਦੇ ਪਰਮੇਸ਼ੁਰ ਅਤੇ ਪਿਤਾ ਲਈ ਯਾਜਕ ਬਣੀਏ, ਓਸੇ ਦੀ ਮਹਿਮਾ ਅਤੇ ਪਰਾਕਰਮ ਜੁਗੋ ਜੁਗ ਹੋਵੇ! ਆਮੀਨ'' (ਪ੍ਰਕਾਸ਼ ਦੀ ਪੋਥੀ 1:5, 6)।

ਯੂਹੰਨਾ ਨੇ ਮਾਰੇ ਗਏ ਪਰ ਫੇਰ ਜੀ ਉੱਠੇ ਲੇਲੇ ਦਾ ਗੁਣਗਾਣ ਵੀ ਲਿਖਿਆ ਕਿਉਂਕਿ ਉਸ ਨੇ ਸਭ ਕੌਮਾਂ ਦੇ ਲੋਕਾਂ ਨੂੰ ਆਪਣੇ ਲਹੂ ਨਾਲ ਮੁੱਲ ਲੈ ਕੇ ਉਨ੍ਹਾਂ ਨੂੰ ਖ਼ੁਦਾ ਲਈ ਯਾਜਕ ਬਣਾਇਆ ਸੀ (ਪ੍ਰਕਾਸ਼ ਦੀ ਪੋਥੀ 5:9, 10)। ਇਹ ਯਾਜਕ ''ਸਿਰਫ਼ ਓਸੇ ਨੂੰ ਆਪਣੀ ਜ਼ਿੰਦਗੀ ਸੌਂਪਦੇ ਹਨ''[1] ਇਸ ਦੌਰਾਨ ਨਵਾਂ ਨੇਮ ਯਾਜਕਾਈ ਲਈ ਇਕ ਖ਼ਾਸ ਵਰਗ ਨੂੰ ਉੱਚਾ ਕਰਨ ਦੀ ਥਾਂ ਹਰ ਮਸੀਹੀ ਨੂੰ, ਭਾਵੇਂ ਉਹ ਨਰ ਹੋਵੇ ਜਾਂ ਨਾਰੀ, ਜਵਾਨ ਹੋਵੇ ਜਾਂ ਬੁੱਢਾ, ਯਾਜਕ ਦੇ ਰੂਪ ਵਿਚ ਵਿਖਾਉਂਦਾ ਹੈ।

### ਨਵਾਂ ਨੇਮ ਬਨਾਮ ਮਨੁੱਖੀ ਰਵਾਇਤਾਂ

ਦੁੱਖ ਦੀ ਗੱਲ ਹੈ ਕਿ ਮਸ਼ਹੂਰ ਧਰਮਾਂ ਨੇ ਇਕ ਵੱਖਰੇ ਕਲਰਜੀ ਜਾਂ ਪੁਰੋਹਿਤ ਤੰਤਰ ਦੇ ਹੱਕ ਵਿਚ

ਨਵੇਂ ਨੇਮ ਦੀ ਧਾਰਣਾ ਨੂੰ ਤਿਆਗ ਦਿੱਤਾ ਹੈ। ਇਹ ਸਿਖਾਇਆ ਜਾਂਦਾ ਹੈ ਕਿ ਧਾਰਮਿਕ ਪ੍ਰੀਸਟਾਂ ਨੂੰ ''ਲੇ'' ਮਸੀਹੀ ਦੇ ਪਾਪ ਮਾਫ਼ ਕਰਨ ਦਾ ਇਖ਼ਤਿਆਰ ਹੈ। *ਏ ਕੈਥੋਲਿਕ ਡਿਕਸ਼ਨਰੀ ਆਫ਼ ਥਿਓਲੋਜੀ* ਵਿਚਲਾ ਪਾਪਮੋਚਨ ਦੀ ਸ਼ਕਤੀ (''ਮੈਂ ਤੈਨੂੰ ਮਾਫ਼ ਕਰਦਾ ਹਾਂ'') ''ਪੁਰੋਹਿਤ ਤੰਤਰ'' ਹੀ ਹੈ। ਇਸ ਸ਼ਬਦਕੋਸ਼ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਇਖ਼ਤਿਆਰ ਮਸੀਹ ਵੱਲੋਂ ਰਸੂਲਾਂ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਭਾਵ ਬਿਸ਼ਪਾਂ ਅਤੇ ਪ੍ਰੀਸਟਾਂ ਨੂੰ ਦਿੱਤਾ ਗਿਆ ਸੀ ਨਾ ਕਿ ਸਭ ਵਿਸ਼ਵਾਸੀਆਂ ਨੂੰ। ਹਰ ''ਲੇ'' ਮੈਂਬਰ ਲਈ ਪਾਪਾਂ ਦਾ ਇਕਰਾਰ ਕਰਨ ਲਈ ਬਣੇ ਬੂਥ ਵਿਚ ਸਾਲ ਵਿਚ ਘੱਟੋ ਘੱਟ ਇਕ ਵਾਰ ਜਾਣਾ ਜ਼ਰੂਰੀ ਹੈ। (ਇਸ ਨੂੰ ਕਈ ਵਾਰ ''ਈਸਟਰ ਡਿਊਟੀ'' ਕਿਹਾ ਜਾਂਦਾ ਹੈ।) ਜੇ ਕੋਈ ਇਸ ਦੇ ਮੁਤਾਬਿਕ ਨਹੀਂ ਕਰਦਾ ਤਾਂ ਉਸ ਨੂੰ ਛੇਕ ਦਿੱਤਾ ਜਾਵੇ। ਪਰ ਜਿਵੇਂ ਕਿ *ਏ ਕੈਥੋਲਿਕ ਡਿਕਸ਼ਨਰੀ ਆਫ਼ ਥਿਓਲੋਜੀ* ਵਿਚ ਲਿਖਿਆ ਹੈ, ''ਇਤਰਾਫ਼ ਵਾਲੇ ਬੂਥ ਟ੍ਰੈਂਟ ਦੀ ਕੌਂਸਿਲ ਤਕ ਕਲੀਸੀਆਵਾਂ ਵਿਚ ਨਹੀਂ ਹੁੰਦੇ ਸਨ, ਅਤੇ ਸਨਿੱਚਰਵਾਰ ਸ਼ਾਮ ਨੂੰ ਛੇ ਤੋਂ ਨੌਂ ਵਜੇ ਤਕ ਲੋਕਾਂ ਦੇ ਇਕਰਾਰ ਜਾਂ ਇਤਰਾਫ਼ ਸੁਣਨ ਲਈ ਰਸੂਲਾਂ ਦੇ ਬੈਠਣ ਦੀ ਗੱਲ ਸੋਚਣਾ ਬਿਲਕੁਲ ਅਜੀਬ ਹੋਵੇਗਾ।''

## ਪੁਰਾਣੇ ਨੇਮ ਵਿਚ ਸਮਾਨਤਾਵਾਂ

ਅਸੀਂ ਵੇਖਦੇ ਹਾਂ ਕਿ ਪੁਰਾਣੇ ਨੇਮ ਦੀ ਯਾਜਕਾਈ ਦਾ ਨਿਰਾਲਾਪਣ ਨਵੇਂ ਨੇਮ ਦੀ ਯਾਜਕਾਈ ਵਾਂਗ *ਨਹੀਂ* ਸੀ। ਪਰ ਹਾਰੂਨ ਦੀ ਯਾਜਕਾਈ ਦੇ ਢੰਗ ਅਤੇ ਮਸੀਹੀ ਲੋਕਾਂ ਦੀ ਯਾਜਕਾਈ ਵਿਚ ਕਈ ਸਮਾਨਤਾਵਾਂ ਹਨ। ਆਓ ਉਨ੍ਹਾਂ ਵਿੱਚੋਂ ਸੱਤ ਸਮਾਨਤਾਵਾਂ ਉੱਤੇ ਵਿਚਾਰ ਕਰਦੇ ਹਾਂ:

(1) *ਨਵ੍ਹਾਉਣਾ।* ਯਾਜਕਾਂ ਦੇ ਰੂਪ ਵਿਚ ਸੇਵਾ ਦੀ ਇਜਾਜ਼ਤ ਤੋਂ ਪਹਿਲਾਂ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ''ਮੰਡਲੀ ਦੇ ਤੰਬੂ ਦੇ ਦਰਵਾਜ਼ੇ ਦੇ ਨੇੜੇ ਲਿਆ ਕੇ ਪਾਣੀ ਨਾਲ'' ਨਵ੍ਹਾਇਆ ਜਾਂਦਾ ਸੀ (ਕੂਚ 29:4; 40:12)। ਇਸੇ ਤਰ੍ਹਾ ਅੱਜ ਮਸੀਹੀ ਬਣਨ ਤੋਂ ਪਹਿਲਾਂ ਲੋਕਾਂ ਦੀਆਂ ਦੇਹਾਂ ਨੂੰ ਪਾਣੀ ਦੇ ਬਪਤਿਸਮੇ ਵਿਚ ''ਨਵ੍ਹਾਇਆ'' ਜਾਂਦਾ ਹੈ (ਰਸੂਲਾਂ ਦੇ ਕੰਮ 22:16; ਵੇਖੋ 1 ਕੁਰਿੰਥੀਆਂ 6:11; ਅਫ਼ਸੀਆਂ 5:26; ਤੀਤੁਸ 3:5; ਇਬਰਾਨੀਆਂ 10:22)।

(2) *ਛਿੜਕਾਅ।* ਯਾਜਕਾਂ ਦੇ ਰੂਪ ਵਿਚ ਸੇਵਾ ਦੀ ਇਜਾਜ਼ਤ ਮਿਲਣ ਤੋਂ ਪਹਿਲਾਂ ਹਾਰੂਨ ਅਤੇ ਉਸ ਦੇ ਪੁੱਤਰਾਂ ਉੱਤੇ ਛੱਤਰੇ ਦਾ ਲਹੂ ਛਿੜਕਿਆ ਜਾਂਦਾ ਸੀ (ਕੂਚ 29:21)। ਉਵੇਂ ਹੀ ਅੱਜ ਯਾਜਕਾਂ ਦੇ ਰੂਪ ਵਿਚ ਸੇਵਾ ਕਰਨ ਤੋਂ ਪਹਿਲਾਂ ਸੰਕੇਤਕ ਤੌਰ ਤੇ ਲੋਕਾਂ ਦਿਆਂ ਮਨਾਂ ਉੱਤੇ ਮਸੀਹ ਦਾ ਲਹੂ ਛਿੜਕਿਆ ਜਾਂਦਾ ਹੈ (ਇਬਰਾਨੀਆਂ 10:22; 12:24; 1 ਪਤਰਸ 1:2)।

(3) *ਮਸਹ।* ਖ਼ਾਸ ਤਰ੍ਹਾਂ ਦਾ ''ਮਸਹ ਦਾ ਪਵਿੱਤਰ ਤੇਲ'' ਭਾਵ ਸੁਗੰਧੀ ਦੀ ਕਾਰੀਗਰੀ ਦਾ ਮਿਲੀਆਂ ਹੋਈਆਂ ਸੁਗੰਧਾਂ ਵਾਲਾ ਤੇਲ ਉਨ੍ਹਾਂ ਦੇ ਜਿਸਮਾਂ ਉੱਤੇ ਲਾਏ ਬਗੈਰ ਹਾਰੂਨ ਅਤੇ ਉਸ ਦੇ ਪੁੱਤਰ ਪੁਰਾਣੇ ਨੇਮ ਦੇ ਯਾਜਕਾਂ ਦੇ ਦੇ ਤੌਰ ਤੇ ਪਵਿੱਤਰ ਨਹੀਂ ਹੁੰਦੇ ਸਨ (ਕੂਚ 30:23–30)। ਜੈਤੂਨ ਦੇ ਤੇਲ ਅਤੇ ਮਸਾਲਿਆਂ (ਦਾਲ–ਚੀਨੀ, ਜੰਗਲੀ ਦਾਲ–ਚੀਨੀ ਅਤੇ ਕੁਸ਼ਾ) ਦੀ ਵਰਤੋਂ ਦੇ ਸਬੰਧ ਵਿਚ ਮੂਸਾ ਨੂੰ ਖ਼ਾਸ ਹਦਾਇਤਾਂ ਦਿੱਤੀਆਂ ਗਈਆਂ ਸਨ।

ਯਾਜਕਾਂ ਦੇ ਜਿਸਮਾਂ ਚੋਂ ਖੁਸ਼ਬੂਦਾਰ ਮਹਿਕ ਨਿਕਲਦੀ ਸੀ (ਜ਼ਬੂਰ 133:1, 2)। ਯਹੋਵਾਹ ਨੇ ਕਿਹਾ ਸੀ ਕਿ ਇਹ ਪਵਿੱਤਰ ਮਸਹ ''ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇਕ ਅਨੰਤ ਯਾਜਕਾਈ ਹੋਵੇਗੀ'' (ਕੂਚ 40:15)।

ਤੁਲਨਾ ਕਰਨ ਤੇ ਮਸੀਹੀ ਲੋਕਾਂ ਨੂੰ ਵੀ ਬਪਤਿਸਮੇ ਦੇ ਪਾਣੀ ਨਾਲ ਆਪਣੀਆਂ ਦੇਹਾਂ ਨੂੰ ਧੁਆ ਕੇ ਅਤੇ ਯਿਸੂ ਦੇ ਲਹੂ ਨਾਲ ਆਪਣੇ ਮਨਾਂ ਉੱਤੇ ਛਿੜਕਾਅ ਕਰਵਾ ਕੇ ਮਸਹ ਮਿਲਦਾ ਹੈ ਭਾਵ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਦਾ ਹੈ ਜੋ ਖ਼ੁਦਾ ਆਪਣੇ ਹੁਕਮ ਦੇ ਮੰਨਣ ਵਾਲਿਆਂ ਨੂੰ ਦਿੰਦਾ ਹੈ (ਰਸੂਲਾਂ ਦੇ ਕੰਮ 5:32)। ਪੌਲੁਸ ਮੁਤਾਬਿਕ ਮਸਹ ਕਰਨ ਵਾਲਾ ਖ਼ੁਦਾ ਹੀ ਹੈ। ਉਹ ''ਸਾਡੇ ਮਨਾਂ ਵਿਚ''

ਆਤਮਾ ਦੀ ਮੋਹਰ ਲਾਉਂਦਾ ਹੈ ਅਤੇ ਸਾਨੂੰ ਆਤਮਾ ਬਿਆਨੇ ਵਿਚ ਦਿੰਦਾ ਹੈ (2 ਕੁਰਿੰਥੀਆਂ 1:22)।

(4) *ਲਿਬਾਸ।* ਹਾਰੂਨ ਅਤੇ ਉਸ ਦੇ ਪੁੱਤਰਾਂ ਲਈ ਵਧੀਆ ਕਿਸਮ ਦੇ ਕਢਾਈ ਕੀਤੇ ਹੋਏ ਕੱਪੜਿਆਂ ਬਾਰੇ ਖ਼ੁਦਾ ਨੇ ਸਾਫ਼ ਦੱਸ ਦਿੱਤਾ (ਕੂਚ 35:19; 39:1)। ਪਵਿੱਤਰ ਸੇਵਾ ਲਈ ਯਾਜਕਾਂ ਵੱਲੋਂ ਲੱਕ ਤੋਂ ਪੱਟਾਂ ਤੀਕ ਕਤਾਨ ਦੀ ਕੱਛ ਪਾਉਣੀ ਜ਼ਰੂਰੀ ਸੀ ਤਾਂ ਜੋ ਕਿਤੇ ਅਜਿਹਾ ਨਾ ਹੋਵੇ, ''ਭਈ ਉਹ ਅਪਰਾਧੀ ਹੋ ਕੇ ਮਰਨ'' (ਕੂਚ 28:42, 43)। ''ਮਹੀਨ ਕਤਾਨ ਦਾ ਅਮਾਮਾ'' ਅਤੇ ''ਮਹੀਨ ਕਤਾਨ ਦਾ ਉਣਿਆ ਹੋਇਆ ਨੀਲਾ ਬੈਂਗਨੀ ਅਤੇ ਕਿਰਮਚੀ ਕਸੀਦੇਕਾਰੀ ਦੇ ਕੰਮ'' ਦੇ ਹੋਰ ਕੱਪੜਿਆਂ ਨਾਲ ''ਮਹੀਨ ਕਤਾਨ ਦੀਆਂ ਉਣੀਆਂ ਹੋਈਆਂ ਕੱਛਾਂ'' ''ਉਨ੍ਹਾਂ ਲਈ ਪਰਤਾਪ ਅਤੇ ਸੁਹੱਪਣ'' ਲਈ ਸਜਾਏ ਜਾਂਦੇ ਸਨ (ਕੂਚ 39:27–29; 28:40)। ਇਸ ਤੋਂ ਇਲਾਵਾ ਸਹੀ ਢੰਗ ਨਾਲ ਪੁਸ਼ਾਕ ਪਹਿਨਿਆ ਹੋਇਆ ਯਾਜਕ ਰੋਅਬ ਅਤੇ ਪਰਤਾਪ ਲਈ ਸਿਰ ਵੀ ਢੱਕਦਾ ਸੀ (ਕੂਚ 28:40)। ਇਸ ਤਰ੍ਹਾਂ ਖ਼ੁਦਾ ਦਾ ਇਹ ਖ਼ਾਸ ਨੁਮਾਇੰਦਾ ਨਾ ਸਿਰਫ਼ ਆਪਣੀ ਖ਼ਾਸ ਖੁਸ਼ਬੂ ਨਾਲ ਚੰਗਾ ਪ੍ਰਭਾਵ ਦਿੰਦਾ ਸੀ ਬਲਕਿ ਉਸ ਦੇ ਕੱਪੜੇ ਵੀ ਉਸ ਨੂੰ ਦਿਲਕਸ਼ ਬਣਾ ਦਿੰਦੇ ਸਨ। ਜ਼ਿੰਦਗੀ ਲਿਖਤ ਵਿਚ ਖ਼ੁਦਾ ਦੀ ਸੇਵਾ ਕਰਦਿਆਂ ਸ਼ੁੱਧ ਅਤੇ ਸਮਰਪਤ ਕਰਨ ਵਾਲਿਆਂ ਰਾਹੀਂ (2 ਇਤਿਹਾਸ 20:21; ਜ਼ਬੂਰ 29:2), ਇਨ੍ਹਾਂ ਕੱਪੜਿਆਂ ਨੂੰ ਪਹਿਨਣਾ ਖ਼ੁਦਾ ਦੀ ਯੋਜਨਾ ਮੁਤਾਬਿਕ ਹੁੰਦੀ ਸੀ।

ਮਸੀਹੀ ਲੋਕਾਂ ਨੂੰ ਸਹੀ ਅਤੇ ਕਬੂਲੇ ਜਾਣ ਤੇ ਪੁਸ਼ਾਕ ਦੀ ਸ਼ਾਲੀਨਤਾ ਹੋਣੀ ਜ਼ਰੂਰੀ ਹੈ, ਪਰ ਮਸੀਹੀ ਔਰਤਾਂ ਲਈ ਸਿਰਫ਼ ਢੁਕਵੇਂ ਕੱਪੜਿਆਂ ਤੋਂ ਵਧ ਕੇ ਹਦਾਇਤਾਂ ਸ਼ਾਮਿਲ ਕੀਤੀਆਂ ਗਈਆਂ ਹਨ ਕਿ ਉਨ੍ਹਾਂ ਦੇ ਲਿਬਾਸ ਸੁਹਾਉਣੇ ਅਤੇ ਸਲੀਕੇ ਵਾਲੇ ਹੋਣੇ ਚਾਹੀਦੇ ਹਨ (ਯੂ.: *komsoim*; 1 ਤਿਮੋਥਿਉਸ 2:9)। ਮਸੀਹੀ ਔਰਤਾਂ ਨੂੰ ਜਿਸਮਾਨੀ ਭਾਵ ਬਾਹਰੀ ਪੋਸ਼ਾਕ ਨਹੀਂ ਬਲਕਿ ਹਲੀਮੀ ਅਤੇ ਮਨ ਦੀ ਦੀਨਤਾ ਦੀ ਅਵਿਨਾਸ਼ੀ ਸਜਾਵਟ ਨਾਲ ਸੱਜਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ (1 ਪਤਰਸ 3:4)। ਮਸੀਹੀ ਆਦਮੀਆਂ ਲਈ ਕੋਈ ਹਦਾਇਤ ਨਹੀਂ ਦਿੱਤੀ ਗਈ, ਉਨ੍ਹਾਂ ਨੂੰ ਆਪਣੀਆਂ ਜਨਾਨਾ ਸਾਥੀਆਂ ਵਾਂਗ ਮਨ ਦੀ ਅੰਦਰੂਨੀ ਪੋਸ਼ਾਕ ਦੀ ਸਜਾਵਟ ਉੱਤੇ ਧਿਆਨ ਦੇਣ ਲਈ ਆਪਣੀ ਸਮਝ ਦੀ ਵਰਤੋਂ ਕਰਨ ਲਈ ਛੱਡ ਦਿੱਤਾ ਗਿਆ। ਅਜਿਹੇ ਪਹਿਰਾਵੇ ਨਾਲ ਨਿਆਂ ਵਾਲੇ ਦਿਨ ਉਹ ਨੰਗੇ ਨਹੀਂ ਮਿਲਣਗੇ (ਵੇਖੋ 2 ਕੁਰਿੰਥੀਆਂ 5:3)। ਸਭ ਮਸੀਹੀ ਲੋਕਾਂ ਦਾ ਹਮੇਸ਼ਾ ਤਕ ਰਹਿਣ ਵਾਲਾ ਪਹਿਰਾਵਾ ਮਹਿੰਗੇ ਕੱਪੜੇ ਨਹੀਂ ਬਲਕਿ ਚਮਕੀਲਾ ਮਹੀਨ ਰੇਸ਼ਮ ਹੈ ਜੋ ਕਿ ਧਰਮ ਦੇ ਕੰਮ ਹਨ (ਪ੍ਰਕਾਸ਼ ਦੀ ਪੋਥੀ 19:8)। ਨਵਾਂ ਨੇਮ ਹਰ ਮਸੀਹੀ ਨੂੰ ਜੋ ਲਿਬਾਸ ਪਾਉਣ ਤੇ ਜ਼ੋਰ ਦੇਣ ਦੀ ਹਦਾਇਤ ਦਿੰਦਾ ਹੈ, ਉਹ ਇਸ ਤਰ੍ਹਾਂ ਹਨ:

> ... ਰਹਿਮਦਿਲੀ, ਦਿਆਲਗੀ, ਅਧੀਨਗੀ, ਨਰਮਾਈ ਅਤੇ ਧੀਰਜ ਨੂੰ ਪਹਿਨ ਲਓ। ਅਤੇ ਜੇ ਕੋਈ ਕਿਸੇ ਉੱਤੇ ਗਿਲਾ ਰੱਖਦਾ ਹੋਵੇ ਤਾਂ ਇਕ ਦੂਏ ਦੀ ਸਹਿ ਲਵੇ ਅਤੇ ਇਕ ਦੂਏ ਨੂੰ ਮਾਫ਼ ਕਰ ਦੇਵੇ। ਜਿਵੇਂ ਪ੍ਰਭੂ ਨੇ ਤੁਹਾਨੂੰ ਮਾਫ਼ ਕੀਤਾ ਤਿਵੇਂ ਤੁਸੀਂ ਵੀ ਕਰੋ। ਅਤੇ ਇਨ੍ਹਾਂ ਸਭਨਾਂ ਦੇ ਉੱਤੇ ਦੀ ਪ੍ਰੇਮ ਨੂੰ ਲਓ ਜਿਹੜਾ ਸੰਪੂਰਨਤਾਈ ਦਾ ਬੰਧ ਹੈ (ਕੁਲੁੱਸੀਆਂ 3:12–14)।

(5) *ਵਿਹਾਰ।* ਹਾਰੂਨ ਦੇ ਘਰਾਣੇ ਦੇ ਯਾਜਕਾਂ ਲਈ ਮੂਸਾ ਦੀਆਂ ਇਲਾਹੀ ਹਦਾਇਤਾਂ ਦਾ ਪਾਲਣ ਚੌਕਸੀ ਨਾਲ ਕਰਨਾ ਜ਼ਰੂਰੀ ਹੁੰਦਾ ਸੀ। ਕਿਸੇ ਯਾਜਕ ਲਈ ਯਹੋਵਾਹ ਦੇ ਹੁਕਮ ਨਾਲ ਦਿੱਤੀ ਉਸ ਪਵਿੱਤਰ ਸੇਵਾ ਵਿਚ ਕੁਝ ਵੀ ਜੋੜਨ ਜਾਂ ਘਟਾਉਣ ਦਾ ਮਤਲਬ ਢੀਠ ਹੋਣਾ ਸੀ (ਵਿਵਸਥਾਸਾਰ 4:2; 12:32; ਕਹਾਉਤਾਂ 30:6)। ਅਣਜਾਣੇ ਵਿਚ ਕੀਤੇ ਗਏ ਪਾਪਾਂ ਵਿਚ ਖ਼ੁਦਾ ਦੀ ਸ਼ਰ੍ਹਾ ਵਿਚ ਮਾਫ਼ੀ ਦਾ ਪ੍ਰਬੰਧ ਸੀ (ਲੇਵੀਆਂ ਦੀ ਪੋਥੀ 5:18; ਗਿਣਤੀ 15:27, 28)। ਪਰ ਜਾਣ ਬੁੱਝ ਕੇ ਕੀਤੇ ਗਏ ਪਾਪ ਲਈ ਖ਼ੁਦਾ ਨੇ ਕਿਹਾ ਹੋਇਆ ਸੀ:

> ਜਿਹੜਾ ਪ੍ਰਾਣੀ ਜ਼ਬਰਦਸਤੀ ਕੁਝ ਕਰੇ, ਭਾਵੇਂ ਦੇਸ਼ੀ ਭਾਵੇਂ ਪਰਦੇਸੀ, ਉਹ ਯਹੋਵਾਹ ਦੇ ਵਿਰੁਧ ਕੁਫ਼ਰ ਬਕਦਾ ਹੈ। ਉਹ ਪ੍ਰਾਣੀ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ। ਇਸ ਲਈ ਭਈ ਉਸ ਨੇ ਯਹੋਵਾਹ ਦੀ ਬਾਣੀ ਦੀ ਹਾਨੀ ਕੀਤੀ ਅਤੇ ਉਸ ਦਾ ਹੁਕਮ ਤੋੜਿਆ ਹੈ, ਉਹ ਪ੍ਰਾਣੀ ਜ਼ਰੂਰ ਹੀ ਛੇਕਿਆ ਜਾਵੇ। ਉਸ ਦੀ ਘੇਸ ਉਸ ਦੇ ਉੱਤੇ ਹੋਵੇਗੀ (ਗਿਣਤੀ 15:30, 31)।

ਨਾਦਾਬ ਅਤੇ ਅਬੀਹੂ ਨਾਮਕ ਹਾਰੂਨ ਦੇ ਪੁੱਤਰਾਂ ਦੇ ਗੱਲ ਨਾ ਮੰਨਣ ਤੇ ਅਸੀਂ ਦੰਗ ਰਹਿ ਜਾਂਦੇ ਹਾਂ। ਅਲੀਜ਼ਾਰ ਅਤੇ ਈਸਾਮਾਰ ਤੋਂ ਵੱਡੇ ਇਨ੍ਹਾਂ ਦੋਹਾਂ ਮੁੰਡਿਆਂ ਨੂੰ ਖ਼ਾਸ ਸਨਮਾਨ ਮਿਲਿਆ ਸੀ। ਉਹ ਆਪਣੇ ਪਿਤਾ ਅਤੇ ਚਾਚੇ ਅਤੇ ਇਸਰਾਏਲ ਦੇ ਸੱਤਰ ਬਜ਼ੁਰਗਾਂ ਨਾਲ ਸੀਨੈ ਪਹਾੜ ਉੱਤੇ ਗਏ ਸਨ। ਉੱਥੇ ਇਕ ਅਨੋਖੀ ਗੱਲ ਹੋਈ:

> ... ਫਿਰ ਉਨ੍ਹਾਂ ਨੇ ਇਸਰਾਏਲ ਦੇ ਪਰਮੇਸ਼ੁਰ ਨੂੰ ਡਿੱਠਾ ਅਤੇ ਉਸ ਦੇ ਪੈਰਾਂ ਹੇਠ ਨੀਲਮ ਦੇ ਪੱਥਰਾਂ ਦਾ ਫ਼ਰਸ਼ ਜਿਹਾ ਸੀ ਅਤੇ ਉਸ ਦੀ ਚਮਕਾਹਟ ਅਕਾਸ਼ ਹੀ ਵਰਗੀ ਸੀ। ਉਸ ਨੇ ਆਪਣਾ ਹੱਥ ਇਸਰਾਏਲੀਆਂ ਦੇ ਭਲੇ ਪੁਰਸ਼ਾਂ ਉੱਤੇ ਨਾ ਪਾਇਆ ਸੋ ਉਨ੍ਹਾਂ ਨੇ ਪਰਮੇਸ਼ੁਰ ਦਾ ਦਰਸ਼ਣ ਕੀਤਾ ਅਰ ਉਨ੍ਹਾਂ ਨੇ ਖਾਧਾ ਪੀਤਾ (ਕੂਚ 24:9–11; ਵੇਖੋ ਗਿਣਤੀ 3:2)।

ਇਨ੍ਹਾਂ ਦੋਹਾਂ ਨੇ ਜਿਨ੍ਹਾਂ ਨੂੰ ਐਨਾ ਸਨਮਾਨ ਦਿੱਤਾ ਗਿਆ ਸੀ ਬਾਅਦ ਵਿਚ ਯਹੋਵਾਹ ਦੇ ਸਾਹਮਣੇ ''ਓਪਰੀ ਅੱਗ'' ਚੜ੍ਹਾਈ ਸੀ (ਲੇਵੀਆਂ ਦੀ ਪੋਥੀ 10:1, 2; KJV; ਵੇਖੋ 16:12)। ਖ਼ੁਦਾ ਇਸ ਕੰਮ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਿਆ ਜਿਸ ਕਰਕੇ ਇਹ ਦੋਵੇਂ ਢੀਠ ਯਾਜਕ ਜ਼ਿੰਦਾ ਸੜ ਗਏ ਸਨ। ਉਹ ਦੂਜਿਆਂ ਲਈ ਇਕ ਮਿਸਾਲ ਬਣ ਗਏ ਕਿ ਖ਼ੁਦਾ ਚਾਹੁੰਦਾ ਹੈ ਕਿ ਉਸ ਦੇ ਯਾਜਕ ਸੁਰਗ ਦੀਆਂ ਹਦਾਇਤਾਂ ਦੀ ਅਗਵਾਈ ਵਿਚ ਹੀ ਰਹਿਣ।

ਮਸੀਹੀ ਲੋਕਾਂ ਕੋਲ ਇਲਾਹੀ ਚਿਤਾਵਨੀ ਦੇ ਰੂਪ ਵਿਚ ਨਦਾਬ ਅਤੇ ਅਬੀਹੂ ਦੀ ਉਦਾਹਰਣ ਹੈ (ਰੋਮੀਆਂ 15:4)। ਸਾਨੂੰ ਲੀਡਰਸ਼ਿਪ ਮੰਨਣ ਦੇ ਖਿਲਾਫ਼ (ਯੂ.: *proago*) ਮਸੀਹ ਦੀਆਂ ਹਦਾਇਤਾਂ ਤੋਂ ''ਅੱਗੇ ਵੱਧ'' ਜਾਣ (ਯੂ.: *parabaino*) ਦੇ ਖਿਲਾਫ਼ ਚਿਤਾਵਨੀ ਦਿੱਤੀ ਗਈ ਹੈ (2 ਯੂਹੰਨਾ 9)। ਮਸੀਹ ਵੱਲੋਂ ਇਹ ਸਭ ਗੱਲਾਂ ਸਤਾਈ ਕਿਤਾਬਾਂ ਵਿਚ ਦਿੱਤੀਆਂ ਗਈਆਂ ਹਨ। ਇਸ ਕਰਕੇ ਖ਼ੁਦਾ ਦਾ ਖ਼ੌਫ਼ ਮੰਨਣ ਵਾਲਾ ਯਾਜਕ ਧਾਰਮਿਕ ਮਾਮਲਿਆਂ ਵਿਚ ''ਲਿਖੇ ਹੋਏ ਤੋਂ ਅੱਗੇ'' ਨਹੀਂ ਵਧੇਗਾ (1 ਕੁਰਿੰਥੀਆਂ 4:6)। ਮਸੀਹੀ ਆਦਮੀ ਲਈ ਅਗਵਾਈ ਦੇਣ ਵਾਲਾ ਨਿਯਮ ਇਹ ਨਹੀਂ ਹੈ ਕਿ ਉਹ ਅਜਿਹਾ ਕੁਝ ਵੀ ਕਰ ਸਕਦਾ ਹੈ ਜਿਸਦੀ ਮਨਾਹੀ ਨਹੀਂ ਕੀਤੀ ਗਈ ਬਲਕਿ ਉਸ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਜਿਸ ਨੂੰ ਕਰਨ ਦਾ ਇਖ਼ਤਿਆਰ ਲਿਖਿਆ ਨਹੀਂ ਗਿਆ। ਅਜਿਹਾ ਕੁਝ ਵੀ ਕਰਨਾ ਜਿਸ ਦੀ ਮਨਾਹੀ ਨਵੇਂ ਨੇਮ ਵਿਚ ਨਾ ਹੋਵੇ ਪਵਿੱਤਰ ਜਲ, ਮੂਰਤੀਆਂ, ਧੂਪ, ਗਾਉਣ ਨਾਲ ਸਾਜ਼, ਮੋਮਬੱਤੀਆਂ, ਰੋਜ਼ਰੀ, ਗਾਂਜਾ, ਡਾਂਸ ਅਤੇ ਪ੍ਰਭੂ ਭੋਜ ਵਿਚ ਫ਼੍ਰਾਈਡ ਚਿਕਨ ਦੀ ਇਜਾਜ਼ਤ ਹੋ ਸਕਦਾ ਹੈ। ਨਵੇਂ ਨੇਮ ਦੀ ਬੰਦਗੀ ਵਿਚ ਸਿਰਫ਼ ਦੱਸੀਆਂ ਗਈਆਂ ਗੱਲਾਂ ਮੁਤਾਬਿਕ ਕਰਨ ਲਈ ਜ਼ਰੂਰੀ ਹੈ ਕਿ ਸੰਗਤੀ, ਰੋਟੀ ਤੋੜਨ, ਪ੍ਰਾਰਥਨਾ ਅਤੇ ਸ਼ੁਕਰਗੁਜ਼ਾਰੀ ਨਾਲ ਤਾਰੀਫ਼ ਜਾਂ ਵਡਿਆਈ ਕਰਨ ਲਈ ਰਸੂਲਾਂ ਦੀ ਸਿੱਖਿਆ ਦਾ ਪਾਲਣ ਕੀਤਾ ਜਾਵੇ (ਰਸੂਲਾਂ ਦੇ ਕੰਮ 2:42; ਇਬਰਾਨੀਆਂ 13:15) । ਹੋ ਸਕਦਾ ਹੈ ਕਿ ਨਵੇਂ ਨੇਮ ਦੇ ਯਾਜਕਾਂ ਨੂੰ ਗਾਉਣ ਦੇ ਨਾਲ ਸਾਜ਼ ਜਾਂ ਧੂਪ ਜਾਂ ਫ਼੍ਰਾਈਡ ਚਿਕਨ ਤੋਂ ਨਫ਼ਰਤ ਨਾ ਹੋਵੇ, ਪਰ ਬੰਦਗੀ ਵਿਚ ਉਹ ਅਜਿਹਾ ਕੁਝ ਜੋੜਨ ਦੀ ਹਿੰਮਤ ਨਹੀਂ ਕਰਦੇ ਜਿਸਦਾ ਹੁਕਮ ਨਾ ਦਿੱਤਾ ਗਿਆ ਹੋਵੇ। ਉਹ ਨਾਦਾਬ ਅਤੇ ਅਬੀਹੂ ਵਾਲੇ ਪਾਪ ਨੂੰ ਦੁਹਰਾਉਣਾ ਨਹੀਂ ਚਾਹੁੰਦੇ।

(6) *ਧੂਪ।* ਪੁਰਾਣੇ ਨੇਮ ਦੇ ਯਾਜਕਾਂ ਨੂੰ ''ਸਦਾ ਲਈ ਯਹੋਵਾਹ ਦੇ ਸਨਮੁਖ'' ਪਵਿੱਤਰ ਅਸਥਾਨ ਵਿਚ ਸਵੇਰੇ ਸ਼ਾਮ ਰੋਜ਼ ਖੁਸ਼ਬੂਦਾਰ ਧੂਪ ਧੁਖਾਉਣੀ ਹੁੰਦੀ ਸੀ (ਕੂਚ 30:1–9)। ਇਹ ਸ਼ੁੱਧ ਅਤੇ

ਪਵਿੱਤਰ ਮਸਾਲੇ (ਕੁੰਦਰੂ, ਨਰਵੀ ਅਤੇ ਸ਼ੁੱਧ ਲੋਬਾਨ) ਭਾਵ ਨਮਕ ਨਾਲ ਮਿਲਾ ਕੇ (''ਗੰਧੀ ਦੀ ਕਾਰੀਗਰੀ'') ਨਾਲ, ਬਰੀਕ ਬਰੀਕ ਕੁੱਟ ਕੇ ਧੁਖਾਇਆ ਜਾਂਦਾ ਸੀ ਜਿਸ ਨਾਲ ਖੁਸ਼ਬੂ ਦਾ ਇਕ ਬੱਦਲ ਬਣ ਜਾਂਦਾ ਸੀ। ਯਹੋਵਾਹ ਨੇ ਆਖਿਆ ਸੀ ਕਿ ਇਹੋ ''ਮੰਡਲੀ ਦੇ ਤੰਬੂ ਵਿਚ ਜਿੱਥੇ ਮੈਂ ਤੈਨੂੰ ਮਿਲਾਂਗਾ'' ਹੋਵੇ (ਕੂਚ 30:34–36)। ''ਇਹ ਤੁਹਾਡੇ ਲਈ ਅਤਿ ਪਵਿੱਤਰ ਹੋਵੇ।'' ਮਸਾਲਿਆਂ ਦਾ ਉਹ ਖ਼ਾਸ ਮਿਸ਼ਰਣ ਸਿਰਫ਼ ਯਹੋਵਾਹ ਦੀ ਬੰਦਗੀ ਲਈ ਹੋਣਾ ਸੀ। ਇਸ ਖੁਸ਼ਬੂ ਨਾਲ ਮਿਲਦਾ ਜੁਲਦਾ ਧੂਪ ਬਨਾਉਣ ਵਾਲਾ ਕੋਈ ਵੀ ਆਦਮੀ ''ਆਪਣਿਆਂ ਲੋਕਾਂ ਵਿੱਚੋਂ ਛੇਕਿਆ'' ਜਾਣਾ ਸੀ (ਕੂਚ 30:37, 38)।

ਪੁਰਾਣੇ ਨੇਮ ਦੀ ਯਾਜਕਾਈ ਦਾ ਧੂਪ ਧੁਖਾਉਣਾ ਨਵੇਂ ਨੇਮ ਵਿਚ ਬਿਲਕੁਲ ਨਹੀਂ ਹੈ। ਪਰ ਮਹਾਨ ਖ਼ੁਦਾ ਦੇ ਅੱਗੇ ਮਸੀਹੀ ਲੋਕਾਂ ਦੀਆਂ ਸਵੇਰੇ ਸ਼ਾਮ ਦੁਆ ਦੀਆਂ ਭੇਟਾਂ ਵਿਚ ਉਨ੍ਹਾਂ ਦੇ ਯਾਜਕ ਭਾਵ ਯਿਸੂ ਮਸੀਹ ਦੇ ਨਾਮ ਨਾਲ ਉਸ ਧੂਪ ਦੀ ਸਮਾਨਤਾ ਵੇਖੀ ਜਾਂਦੀ ਹੈ (ਵੇਖੋ ਪ੍ਰਕਾਸ਼ ਦੀ ਪੋਥੀ 5:8; 8:3, 4)।

(7) *ਕੁਰਬਾਨੀਆਂ।* ਹਾਰੂਨ ਦੀ ਯਾਜਕਾਈ ਦਾ ਮੁੱਖ ਕੰਮ ਕੁਰਬਾਨੀ ਚੜ੍ਹਾਉਣਾ ਸੀ (ਵੇਖੋ ਲੇਵੀਆਂ ਦੀ ਪੋਥੀ 1–7)। ਬਲਦਾਂ ਅਤੇ ਛੱਤਰਿਆਂ ਦੇ ਨਾਲ ਟੁੱਟੇ ਦਿਲ, ਪਸਚਾਤਾਪੀ ਮਨ, ਸ਼ੁੱਧ ਜੀਵਨ ਅਤੇ ਹੁਕਮ ਮੰਨੇ ਜਾਣ ਦੇ ਬਿਨਾ ਖ਼ੁਦਾ ਨੂੰ ਨਾਮੰਜ਼ੂਰ ਸਨ (ਜ਼ਬੂਰਾਂ ਦੀ ਪੋਥੀ 40:6; 51:16; 1 ਸਮੂਏਲ 15:22; ਯਸਾਯਾਹ 1:11; ਯਿਰਮਿਯਾਹ 6:20; 7:22, 23; ਆਮੋਸ 5:22; ਮੀਕਾਹ 6:6–8)। ਖ਼ੁਦਾ ਦੇ ਉਪਾਅ ਵਿਚ ਰਹਿੰਦਿਆਂ ਸਹੀ ਵਿਹਾਰ ਅਤੇ ਜ਼ਿੰਦਗੀ ਨਾਲ, ਜਾਨਵਰਾਂ ਦੀਆਂ ਕੁਰਬਾਨੀਆਂ ਤੋਂ ਉੱਠਣ ਵਾਲਾ ਧੂਆਂ ਸੰਸਾਰ ਦੇ ਖ਼ੁਦਾ ਦੇ ਅੱਗੇ ਖੁਸ਼ਬੂਦਾਰ ਅਤੇ ਮੰਨ ਨੂੰ ਭਾਉਣ ਵਾਲਾ ਹੁੰਦਾ ਸੀ।

ਖ਼ੁਦਾ ਨੇ ਜਾਨਵਰਾਂ ਦੀਆਂ ਕੁਰਬਾਨੀਆਂ ਦੇਣ ਦਾ ਹੁਕਮ ਤਾਂ ਦਿੱਤਾ ਸੀ ਪਰ ਉਸ ਨੂੰ ਇਹ ਧਿਆਨ ਸੀ ਕਿ ''ਅਨਹੋਣਾ ਹੈ ਕਿ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ'' (ਇਬਰਾਨੀਆਂ 10:4)। ਪਰ ਲੇਲੇ ਵਾਂਗ ਮਰੀਅਮ ਦੇ ਦਿਲ ਦੇ ਹੇਠਾਂ ਇਕ ਮਨੁੱਖੀ ਦੇਹ ਤਿਆਰ ਕੀਤੀ ਗਈ ਅਤੇ ਫਿਰ ਉਸ ਨੂੰ ਖ਼ੁਦਾ ਦਾ ਲੇਲਾ ਐਲਾਨਿਆ ਗਿਆ ਜਿਹੜਾ ਜਗਤ ਦਾ ਪਾਪ ਉਠਾ ਲੈ ਜਾਂਦਾ ਹੈ (ਇਬਰਾਨੀਆਂ 10:5; ਯੂਹੰਨਾ 1:29)। ਸਮੇਂ ਦੇ ਪੂਰਾ ਹੋਣ ਤੇ ਯਿਸੂ ਨੇ ''ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ... ਆਪਣੇ ਆਪ ਦੇ ਬਲਿਦਾਨ ਕਰਨ ਨਾਲ ਪਾਪ ਨੂੰ ਦੂਰ'' (ਇਬਰਾਨੀਆਂ 9:12, 26) ਕਰ ਦਿੱਤਾ। ਉਸ ਦੀ ਆਪਣੀ ਕੁਰਬਾਨੀ ਨਾ ਤਾਂ ਰੋਜ਼ ਕੀਤੀ ਜਾਣ ਵਾਲੀ ਅਤੇ ਨਾ ਹੀ ਸਲਾਨਾ ਕੁਰਬਾਨੀ ਸੀ, ਇੰਜ ਤਾਂ ਉਸ ਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਲੈ ਕੇ ਬਾਰ ਬਾਰ ਦੁੱਖ ਝੱਲਣਾ ਪੈਣਾ ਸੀ। ਬਲਕਿ ਉਸ ਨੇ ਹਰ ਯੁੱਗ ਦੇ ਖ਼ੁਦਾ ਦੀ ਗੱਲ ਮੰਨਣ ਵਾਲੇ ਸਭ ਲੋਕਾਂ ਲਈ ਇੱਕੋ ਵਾਰ ਕੁਰਬਾਨੀ ਦਿੱਤੀ (ਇਬਰਾਨੀਆਂ 5:9; 9:15)।

ਮਸੀਹੀ ਲੋਕਾਂ ਵੱਲੋਂ ਚੜ੍ਹਾਈਆਂ ਜਾਣ ਵਾਲੀਆਂ ਕੁਰਬਾਨੀਆਂ ਵਿਚ ਬੱਕਰਿਆਂ ਅਤੇ ਵੱਛਿਆਂ ਨੂੰ ਕੱਢ ਦਿੱਤਾ ਗਿਆ ਹੈ। ਨਵੇਂ ਨੇਮ ਦੀ ਅਜ਼ਾਦੀ ਦੀ ਸ਼ਰ੍ਹਾ ਵਿਚ (ਯਾਕੂਬ 1:25) ਮਸੀਹੀ ਲੋਕਾਂ ਨੂੰ ''ਜਿਸਮਾਨੀ ਨਹੀਂ ਬਲਕਿ 'ਰੂਹਾਨੀ' ਕੁਰਬਾਨੀ''[2] (1 ਪਤਰਸ 2:5) ਚੜ੍ਹਾਉਣ ਲਈ ਆਖਿਆ ਗਿਆ ਹੈ। ਖ਼ੁਦਾ ਨੂੰ ਮੰਜ਼ੂਰ ਮਸੀਹੀ ਕੁਰਬਾਨੀਆਂ ਵਿਚ ਤਾਰੀਫ਼ ਦੀਆਂ ਕੁਰਬਾਨੀਆਂ ਭਾਵ ਉਸ ਦੇ ਨਾਮ ਦੀ ਸ਼ੁਕਰਗੁਜ਼ਾਰੀ ਕਰਨਾ (ਇਬਰਾਨੀਆਂ 13:15) ਸ਼ਾਮਿਲ ਹਨ। ਨਵੇਂ ਨੇਮ ਵਿਚ ਕੁਰਬਾਨੀ ਦੇ ਰੂਪ ਵਿਚ ਲੋੜਵੰਦਾਂ ਦੀ ਮਦਦ ਲਈ ਪ੍ਰੇਮ ਦੀਆਂ ਭੇਂਟਾਂ ਦੇਣ ਦਾ ਖ਼ਾਸ ਜ਼ਿਕਰ ਹੈ (ਫ਼ਿਲਿੱਪੀਆਂ 4:18)। ਇਸ ਤੋਂ ਇਲਾਵਾ ਖ਼ੁਦਾ ਨੂੰ ਮੁਰਦਾ ਚੜ੍ਹਾਵੇ ਨਹੀਂ ਬਲਕਿ ਜ਼ਿੰਦਾ ਕੁਰਬਾਨੀ ਦੇ ਰੂਪ ਵਿਚ ਕੀਤੀ ਗਈ ਮਸੀਹੀ ਸੇਵਾ ਕਬੂਲ ਹੈ (ਰੋਮੀਆਂ 12:1)।

## ਸਾਰ

ਨਵੇਂ ਨੇਮ ਦੇ ਮਸੀਹੀ ਲੋਕਾਂ ਨੂੰ ਦਿੱਤਾ ਗਿਆ ਆਤਮਾ ਦਾ ਸੰਦੇਸ਼ ਕਿੰਨਾ ਖ਼ੂਬਸੂਰਤ ਹੈ। ਪੁਰਾਣੇ ਨੇਮ ਦੀ ਬੁਨਿਆਦ ਤੇ ਬਣਾਈਆਂ ਗਈਆਂ ਪੱਤਰੀਆਂ ਨਾਲ ਮਸੀਹੀ ਲੋਕਾਂ ਨੂੰ ਦਿਲੋਂ ਅਤੇ ਜ਼ਿੰਦਗੀ ਨਾਲ ਸੇਵਾ ਕਰਨ ਲਈ ਯਾਜਕਾਂ ਦੇ ਰੂਪ ਵਿਚ ਉੱਚਾ ਕੀਤਾ ਗਿਆ ਹੈ। ਉਸ ਦਾ ਜਿਹੜਾ ਸੁਰਗ ਦੀਆਂ ਯੋਜਨਾਵਾਂ ਦਾ ਬਨਾਉਣ ਵਾਲਾ ਹੈ, ਜਿਹੜਾ ਮਨੁੱਖ ਦੀ ਭਲਿਆਈ ਲਈ ਕੰਮ ਕਰਦਾ ਰਹਿੰਦਾ ਹੈ, ਤਾਰੀਫ਼, ਵਡਿਆਈ ਅਤੇ ਆਦਰ ਹੁੰਦਾ ਰਹੇ!

---

ਟਿੱਪਣੀਆਂ

[1]ਸੀ. ਜੀ. ਵਿਲਕੇ ਐਂਡ ਸੀ. ਐਲ. ਵਿਲਿਬਲਡ ਗ੍ਰਿੰਮ, *ਗ੍ਰੀਕ–ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਜਿਲਦ 12, ਅਨੁ. ਅਤੇ ਸੋਧ ਜੋਜ਼ਫ਼ ਐੱਚ. ਥੇਅਰ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1973), 298. (ਵੇਖੋ ''*hiereus.*'') [2]ਉਹੀ (ਵੇਖੋ ''*hieratuma.*'')